# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
## ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

---

ਵੱਲ:

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ (ਐਸ.ਸਿੱ)

ਮੀਮੋ ਨੰ: ਸਸਅ/ਐਡਮਨ/2012/ 79658
ਮਿਤੀ ਚੰਡੀਗੜ੍ਹ 15-05-12

**ਹੇਠ ਲਿਖਿਆ ਹਦਾਇਤਾਂ ਦੀ ਇਨ-ਬਿਨ ਪਾਲਨਾ ਕੀਤੀ ਜਾਵੇ ਜੀ।**

1. 1400 ਸਪੈਸ਼ਲ ਟ੍ਰੇਨਰ, (ਸਕੂਲੋਂ ਵਿਰਵੇ ਬੱਚਿਆਂ ਵਾਸਤੇ) ਨੂੰ ਕਾਊਸਲਿੰਗ ਤੋਂ ਤੁਰੰਤ ਬਾਅਦ ਆਪਣੀ ਡਿਊਟੀ ਹਾਜ਼ਰ ਕਰਵਾਉਣ ਦਾ ਫੈਸਲਾਂ ਕੀਤਾ ਗਿਆ ਅਤੇ ਬਾਕੀ ਰਹਿੰਦੇ 494 ਸਪੈਸ਼ਲ ਟ੍ਰੇਨਰ, ਜ਼ਿਲਾ ਸਿੱਖਿਆ ਅਫ਼ਸਰ (ਐਸ.ਸਿੱ) ਨੂੰ ਰਿਪੋਰਟ ਕਰਨਗੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਫੀਲਡ ਦੀ ਮੰਗ ਅਨੁਸਾਰ ਲੋੜ ਅਨੁਸਾਰ ਕੰਮ ਲੈਣਗੇ।

2. ਗਰਮੀਆਂ ਦੀਆਂ ਛੁੱਟੀਆਂ ਮਿਤੀ 01 ਜੂਨ 2012 ਤੋਂ 30 ਜੂਨ 2012 ਤੱਕ ਹੋਣਗੀਆ।

3. ਅਧਿਆਪਕ ਵਰਗ ਦੀ ਸਹੂਲਤ ਦੇਖਦੇ ਹੋਏ, ਬਦਲੀਆਂ ਲਈ ਅਧਿਆਪਕ 31 ਮਈ 2012 ਤੱਕ ਆਪਣਾ ਬਿਨੈ ਪੱਤਰ ਦੇ ਸਕਣਗੇ।ਇਹ ਬਿਨੈਪੱਤਰ 31 ਮਈ 2012 ਤੱਕ, ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸੰਬਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨੂੰ ਅਪਲਾਈ ਕਰਨਗੇ।ਮਿਉਸਪਲ ਕਾਰਪੋਰੇਸ਼ਨਾਂ/ਕਮੇਟੀਆਂ ਦੀ ਚੋਣਾਂ ਦੇ ਲਗੇ ਹੋਏ ਚੋਣ ਜਾਬਤੇ ਦੇ ਚਲਦਿਆਂ ਇਹ ਬਦਲੀਆਂ ਮਿਤੀ 10 ਜੂਨ 2012 ਤੋਂ ਬਾਅਦ ਕੀਤੀਆਂ ਜਾਣਗੀਆਂ।

4. ਸਕੂਲਾਂ ਵਿੱਚ ਕੰਮ ਕਰ ਰਹੇ ਲੈਕਚਰਾਰ ਨੂੰ ਘੱਟੋ-ਘੱਟ 36 ਪੀਰੀਅਡ ਦਿੱਤੇ ਜਾ ਸਕਦੇ ਹਨ।ਲੈਕਚਰਾਰ ਆਪਣੇ ਵਿਸ਼ੇ ਦੇ X+I, X+II ਜਮਾਤ ਦੇ ਪੀਰੀਅਡ ਪੂਰੇ ਕਰਨ ਉਪਰੰਤ IX, X ਜਮਾਤ ਦੇ ਪੀਰੀਅਡ ਵੀ ਲੈਣਗੇ।

5. ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨੂੰ ਆਪਣੇ ਜ਼ਿਲੇ ਦੇ ਸਕੂਲਾਂ ਵਿੱਚ ਪਈਆਂ ਮੰਜੂਰਸ਼ੁਦਾ ਖਾਲੀ ਪੋਸਟਾਂ ਦੀ ਸਹੀ ਸੂਚੀ ਤੁਰੰਤ ਡੀ.ਪੀ.ਆਈ.(ਸੈ.ਸਿੱ), ਡੀ.ਪੀ.ਆਈ.(ਐ.ਸਿੱ) ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਇੱਕ ਹਫਤੇ ਦੇ ਅੰਦਰ-ਅੰਦਰ ਮੁਹੱਈਆ ਕਰਵਾਉਣਗੇ।ਇਹ ਸੂਚੀ ਦਾ ਬਿਲਕੁਲ ਠੀਕ ਹੋਣ ਦੀ ਜਿੰਮੇਵਾਰੀ ਸੰਬਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ), ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਦੀ ਹੋਵੇਗੀ।

6. ਜ਼ਿਲ੍ਹੇ ਵਿੱਚ ਸੀਨੀਅਰ ਪ੍ਰਿੰਸੀਪਲ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਲਗਾਉਣ ਲਈ, ਮੌਜੂਦਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨੂੰ ਜਿਲ੍ਹੇ ਵਿੱਚ ਕੰਮ ਕਰਦੇ ਪਹਿਲੇ ਦਸ ਸੀਨੀਅਰ ਪ੍ਰਿੰਸੀਪਲ ਦੀ ਸੂਚੀ ਡੀ.ਪੀ.ਆਈ. (ਸੈ.ਸਿੱ) ਅਤੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਨੂੰ ਮੁਹੱਈਆ ਕਰਵਾਉਣਗੇ।

7. ਸਟੇਟ ਅਵਾਰਡ ਲਈ ਅਰਜ਼ੀਆ ਭੇਜਣ ਦੀ ਆਖਰੀ ਮਿੱਤੀ ਵਿੱਚ ਵਾਧਾ ਕੀਤਾ ਗਿਆ ਹੈ ਹੁਣ ਇਹ ਅਰਜੀਆਂ 25 ਮਈ 2012 ਤੱਕ ਦਿੱਤੀਆਂ ਜਾ ਸਕਦੀਆਂ ਹਨ।

8. ਸਮੂਹ ਜ਼ਿਲ੍ਹਿਆਂ ਵਿੱਚ ਕੰਮ ਕਰਦੇ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਐਸ.ਐਸ.ਏ ਅਤੇ ਰਮਸਾ ਕੋਆਰਡੀਨੇਟਰ ਨੂੰ ਉਹਨਾਂ ਦੇ ਪਿੱਤਰੀ ਸਕੂਲਾਂ ਵਿੱਚ ਵਾਪਿਸ ਭੇਜਣ ਉਪਰੰਤ, ਸਬੰਧਤ ਜ਼ਿਲ੍ਹਿਆਂ ਦੇ ਕ੍ਰਮਵਾਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨੂੰ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ, ਐਸ.ਐਸ.ਏ ਅਤੇ ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ (ਰਮਸਾ) ਦਾ ਚਾਰਜ ਦਿੱਤਾ ਜਾਂਦਾ ਹੈ।

9. ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਕੰਮ ਕਰਦੇ ਸਮੂਹ ਡੀ.ਆਰ.ਪੀ., ਸੀ.ਐਮ.ਟੀ., ਬੀ.ਐਮ.ਟੀ., ਈ.ਐਮ.ਟੀ., ਐਮ.ਐਮ.ਟੀ, ਜ਼ਿਲ੍ਹਾ ਪੜ੍ਹੋ ਪੰਜਾਬ ਕੋਆਰਡੀਨੇਟਰ, ਸਹਾਇਕ ਜ਼ਿਲ੍ਹਾ ਪੜ੍ਹੋ ਪੰਜਾਬ ਕੋਆਰਡੀਨੇਟਰ, ਈ.ਪੀ.ਡੀ.ਸੀ., ਡੀ.ਐਮ.ਸੀ. ਨੂੰ ਇਹਨਾਂ ਦੇ ਪਿੱਤਰੀ ਸਕੂਲਾਂ ਵਿੱਚ ਤੁਰੰਤ ਭੇਜ ਦਿੱਤਾ ਜਾਵੇ ਹੈ।ਇਹਨਾਂ ਦੇ ਵਿਰੁੱਧ ਕੰਮ ਕਰ ਰਹੇ ਸਿੱਖਿਆ ਪ੍ਰੋਵਾਈਡਰ/ਵਲੰਟੀਅਰ ਹਾਲ ਦੀ ਘੜੀ ਮੌਜੂਦਾ ਸਕੂਲਾਂ ਵਿੱਚ ਹੀ ਕੰਮ ਕਰਦੇ ਰਹਿਣਗੇ।

10. ਐਮ.ਐਚ.ਆਰ.ਡੀ. ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਸਮੂਹ ਜ਼ਿਲ੍ਹਿਆਂ ਵਿੱਚ ਵਿਸ਼ਾ ਵਿਸ਼ੇਸ਼, ਅਧਿਆਪਕ ਦੀ ਚੋਣ ਬਤੌਰ, ਜ਼ਿਲ੍ਹਾ ਰਿਸੋਰਸ ਗਰੁੱਪ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਕੀਤੀ ਜਾਵੇਗੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਉੱਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਰਾਜ ਦੇ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ (ਵੈਬ ਸਾਇਟ ਰਾਹੀ)।
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**